**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ**

**ਮਕਾਨ ਉਸਾਰੀ-1 ਸ਼ਾਖਾ**

# ਨੋਟੀਫੀਕੇਸ਼ਨ

ਮਿਤੀ:19/04/2021.

ਨੰ. 10/06/2021-6ਮਉ1/624. ਸ਼ਹਿਰੀ ਵਿਕਾਸ ਅਥਾਰਟੀਆਂ ਦੇ ਅਲਾਟੀਆਂ ਤੋਂ ਰਹਿੰਦੀ ਬਕਾਇਆ ਕਿਸ਼ਤਾਂ ਦੀ ਵਸੂਲੀ ਸਬੰਧੀ, ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਹੇਠ ਅਨੁਸਾਰ ਪੰਜਾਬ ਦੀ ਸਮੂਹ ਸ਼ਹਿਰੀ ਵਿਕਾਸ ਅਥਾਰਟੀਆਂ ਲਈ ਐਮਨੇਸਟੀ ਸਕੀਮ 2021 ਜਾਰੀ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

## ਐਮਨੇਸਟੀ ਸਕੀਮ 2021

1. ਇਹ ਸਕੀਮ ਹਰ ਤਰ੍ਹਾਂ ਦੀ ਪ੍ਰਾਪਰਟੀ ਜਿਹੜੀ ਕਿ ਬੋਲੀ ਰਾਹੀਂ ਜਾਂ ਹੋਰ ਕਿਸੇ ਮਾਧਿਅਮ ਰਾਹੀਂ ਕਿਸੇ ਵੀ ਵਿਕਾਸ ਅਥਾਰਟੀ ਵਲੋਂ ਅਲਾਟ ਹੋਈ ਹੈ, ਤੇ ਲਾਗੂ ਹੋਵੇਗੀ।

2. ਇਹ ਸਕੀਮ ਨੋਟੀਫੀਕੇਸ਼ਨ ਜਾਰੀ ਹੋਣ ਤੋਂ 3 ਮਹੀਨੇ ਤੱਕ ਲਾਗੂ ਹੋਵੇਗੀ।

3. ਕੋਈ ਵੀ ਅਲਾਟੀ ਜਿਸਨੇ ਮਿਤੀ 31.12.2013 ਤੋਂ ਬਾਅਦ ਬਣਦੀ ਕਿਸ਼ਤ ਜਮ੍ਹਾਂ ਨਹੀਂ ਕਰਵਾਈ, ਉਹ ਇਸ ਸਕੀਮ ਦਾ ਲਾਭ ਲੈ ਸਕਦਾ ਹੈ।

4. ਅਲਾਟੀ ਨੂੰ ਬਕਾਇਆ ਰਕਮ ਅਲਾਟਮੈਂਟ ਲੈਟਰ ਵਿੱਚ ਲਿਖੇ ਵਿਆਜ਼ ਦੀ ਦਰ ਤੇ ਇੱਕਮੁਸ਼ਤ ਜਮ੍ਹਾਂ ਕਰਵਾਉਣੀ ਹੋਵੇਗੀ । ਰਿਆਇਤ ਵਜੋਂ ਚੱਕਰਵਰਤੀ ਵਿਆਜ਼ ਨਹੀਂ ਲਿਆ ਜਾਵੇਗਾ ਬਲਕਿ ਸਧਾਰਨ ਵਿਆਜ਼ ਹੀ ਚਾਰਜ਼ ਕੀਤਾ ਜਾਵੇਗਾ ।

5. ਜਿਨ੍ਹਾਂ ਕੇਸਾਂ ਵਿੱਚ ਬਣਦੀਆਂ ਕਿਸ਼ਤਾਂ ਸਮੇਂ ਸਿਰ ਜਮ੍ਹਾਂ ਨਾ ਕਰਵਾਉਣ ਕਰਕੇ ਜਾਂ ਅਜਿਹੇ ਕੇਸ ਜੋ ਕਾਨੂੰਨੀ ਪ੍ਰਕਿਰਿਆ ਅਧੀਨ ਹਨ, ਉਹ ਵੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਪਰੰਤੂ ਜਿੱਥੇ ਅਲਾਟੀ ਤੋਂ ਪ੍ਰਾਪਰਟੀ ਦਾ ਫਿਜ਼ੀਕਲ ਕਬਜਾ ਅਥਾਰਟੀ ਵਲੋਂ ਵਾਪਸ ਲਿਆ ਜਾ ਚੁੱਕਾ ਹੈ, ਉੱਥੇ ਇਹ ਸਕੀਮ ਲਾਗੂ ਨਹੀਂ ਹੋਵੇਗੀ।

6. ਅਲਾਟਮੈਂਟ ਲੈਟਰ ਦੀਆਂ ਸ਼ਰਤਾਂ ਅਨੁਸਾਰ ਮਿਲਖ ਦਫਤਰ ਵਲੋਂ ਬਕਾਇਆ ਰਾਸ਼ੀ ਉੱਤੇ ਲਗਾਈਆਂ ਗਈਆਂ ਪਨੈਲਟੀਆਂ ਮੁਆਫ ਕਰ ਦਿੱਤੀਆਂ ਜਾਣਗੀਆਂ।

7. ਬਕਾਇਆ ਰਾਸ਼ੀ ਸਬੰਧੀ ਕਿਸੇ ਵੀ ਅਲਾਟੀ ਨੇ ਜੇਕਰ ਕੋਈ ਸਪਸ਼ਟੀਕਰਨ ਲੈਣਾ ਹੈ ਤਾਂ ਉਹ ਸਬੰਧਤ ਵਿਕਾਸ ਅਥਾਰਟੀਆਂ ਦੇ ਮਿਲਖ ਦਫਤਰ ਵਿੱਚ ਤੈਨਾਤ ਸਬੰਧਤ ਅਧਿਕਾਰੀ/ਕਰਮਚਾਰੀ ਤੋਂ ਪ੍ਰਾਪਤ ਕਰ ਸਕਦਾ ਹੈ।

Scanned with CamScanner

8. ਇਸ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਹਰ ਅਥਾਰਟੀ ਇੱਕ ਨੋਡਲ ਅਫਸਰ ਤੈਨਾਤ ਕਰੇਗੀ।

9. ਜੇਕਰ ਰਿਕਾਰਡ ਅਨੁਸਾਰ ਅਲਾਟੀ ਵਲੋਂ ਬਕਾਇਆ ਰਕਮ ਵਿਰੁੱਧ ਘੱਟ ਰਕਮ ਦੀ ਅਦਾਇਗੀ ਕੀਤੀ ਹੋਵੇ ਤਾਂ ਉਸ ਲਈ ਅਲਾਟਮੈਂਟ ਲੈਟਰ ਵਿੱਚ ਦਰਜ ਸ਼ਰਤਾਂ ਅਨੁਸਾਰ ਅਲਾਟੀ ਜਿੰਮੇਵਾਰ ਹੋਵੇਗਾ।

10. ਬਕਾਇਆ ਰਕਮ ਦਾ ਹਿਸਾਬ ਕਰਨ ਲਈ ਵੈਬਸਾਈਟ www.gmada.gov.in ਤੇ ਕੈਲਕੁਲੇਟਰ ਦੀ ਸੁਵਿੱਧਾ ਦਿੱਤੀ ਜਾਵੇਗੀ।

ਸਥਾਨ- ਚੰਡੀਗੜ੍ਹ
ਮਿਤੀ- 19-4-2021

ਸਰਵਜੀਤ ਸਿੰਘ, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਚੰਡੀਗੜ੍ਹ

ਪਿ.ਅੰ.ਨੰ. 10/06/2021-6ਮਉ1/625 ਮਿਤੀ;ਚੰਡੀਗੜ੍ਹ: 19/04/2021.

ਉਪਰੋਕਤ ਦੀ ਕਾਪੀ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ, ਐਸ.ਏ.ਐਸ ਨਗਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਅਸਧਾਰਨ ਗਜ਼ਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ਜੀ।

Kalia 19/4/21
ਸੁਪਰਡੰਟ

ਪਿ.ਅੰ.ਨੰ. 10/06/2021-6ਮਉ1/634 ਮਿਤੀ;ਚੰਡੀਗੜ੍ਹ: 19/4/21

ਉਪਰੋਕਤ ਦੀ ਕਾਪੀ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ:-

1. ਡਾਇਰੈਕਟਰ, ਨਗਰ ਅਤੇ ਗਰਾਮ ਯੋਜਨਾਬੰਦੀ, ਪੰਜਾਬ।
2. ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ ਨਗਰ।
3. ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ ਨਗਰ।
4. ਮੁੱਖ ਪ੍ਰਸ਼ਾਸਕ, ਪੀ.ਡੀ.ਏ, ਪਟਿਆਲਾ।
5. ਮੁੱਖ ਪ੍ਰਸ਼ਾਸਕ, ਬੀ.ਡੀ.ਏ, ਬਠਿੰਡਾ।
6. ਮੁੱਖ ਪ੍ਰਸ਼ਾਸਕ, ਜੇ.ਡੀ.ਏ, ਜਲੰਧਰ।
7. ਮੁੱਖ ਪ੍ਰਸ਼ਾਸਕ, ਗਲਾਡਾ, ਲੁਧਿਆਣਾ।
8. ਮੁੱਖ ਪ੍ਰਸ਼ਾਸਕ, ਏ.ਡੀ.ਏ, ਅੰਮ੍ਰਿਤਸਰ।
9. ਜਨਰਲ ਮੈਨੇਜਰ (ਆਈ.ਟੀ), ਪੁੱਡਾ, ਐਸ.ਏ.ਐਸ ਨਗਰ।
10. ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ), ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ।

10/5/21

Kalia 19/4/21
ਸੁਪਰਡੰਟ

Scanned with CamScanner